## ਬਜ਼ੁਰਗਾਂ ਦੀ COVID-19 ਸਹਾਇਤਾ ਲਾਈਨ

ਬਜ਼ੁਰਗਾਂ ਦੀ COVID-19 ਸਹਾਇਤਾ ਲਾਈਨ ਆਸਟ੍ਰੇਲੀਆ ਦੇ ਬਜ਼ੁਰਗਾਂ ਨੂੰ ਜਾਣਕਾਰੀ, ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਜੋੜਦੀ ਹੈ।

ਕੁਝ ਬਜ਼ੁਰਗ ਲੋਕ COVID-19 ਲਈ ਬਹੁਤ ਨਿਤਾਣੇ ਹਨ ਪਰ ਇੰਟਰਨੈਟ ਨਾਲ ਘੱਟ ਜੁੜੇ ਹਨ ਅਤੇ ਆਪਣੇ ਹਾਲਾਤਾਂ ਵਾਸਤੇ ਜਾਣਕਾਰੀ ਤੱਕ ਪਹੁੰਚ ਕਰਨ ਦੇ ਤਰੀਕਿਆਂ ਦੀ ਲੋੜ ਵਿੱਚ ਹਨ। ਬਜ਼ੁਰਗਾਂ ਦੀ COVID-19 ਸਹਾਇਤਾ ਲਾਈਨ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।

ਆਸਟ੍ਰੇਲੀਆ ਦੇ ਬਜ਼ੁਰਗ, ਉਹਨਾਂ ਦੇ ਪਰਿਵਾਰ, ਦੋਸਤ ਅਤੇ ਸੰਭਾਲ ਕਰਨ ਵਾਲੇ 1800 171 866 ਨੂੰ ਮੁਫਤ ਫੋਨ ਕਰ ਸਕਦੇ ਹਨ, ਜੇ ਉਹ:

- COVID-19 ਦੀਆਂ ਪਾਬੰਦੀਆਂ ਅਤੇ ਇਸ ਦੇ ਉਹਨਾਂ ਉਪਰ ਹੋਣ ਵਾਲੇ ਅਸਰਾਂ ਦੇ ਬਾਰੇ ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹਨ
- ਇਕੱਲਤਾ ਮਹਿਸੂਸ ਕਰਦੇ ਹਨ ਜਾਂ ਕਿਸੇ ਪਿਆਰੇ ਲਈ ਚਿੰਤਤ ਹਨ
- ਕਿਸੇ ਦੀ ਸੰਭਾਲ ਕਰਦੇ ਹਨ ਅਤੇ ਜਾਣਕਾਰੀ ਚਾਹੁੰਦੇ ਹਨ ਜਾਂ ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹਨ
- ਬਜ਼ੁਰਗਾਂ ਦੀਆਂ ਸੰਭਾਲ ਸੇਵਾਵਾਂ ਜੋ ਉਹ ਪ੍ਰਾਪਤ ਕਰ ਰਹੇ ਹਨ ਵਿੱਚ ਬਦਲਾਅ ਬਾਰੇ ਸਹਾਇਤਾ ਜਾਂ ਸਲਾਹ ਲੋੜਦੇ ਹਨ
- ਸੰਭਾਲ ਦੀਆਂ ਨਵੀਆਂ ਸੇਵਾਵਾਂ ਜਾਂ ਲਾਜ਼ਮੀ ਵਸਤੂਆਂ ਜਿਵੇਂ ਕਿ ਖਰੀਦਦਾਰੀ ਤੱਕ ਪਹੁੰਚ ਕਰਨ ਲਈ ਸਹਾਇਤਾ ਲੋੜਦੇ ਹਨ
- ਆਪਣੇ ਬਾਰੇ, ਡਿਮੈਂਸ਼ੀਆ ਨਾਲ ਜੀਅ ਰਹੇ ਇਕ ਦੋਸਤ ਜਾਂ ਪਰਿਵਾਰ ਦੇ ਜੀਅ ਦੇ ਬਾਰੇ ਚਿੰਤਾਤੁਰ ਹਨ
- ਆਪਣੇ ਵਾਸਤੇ, ਜਾਂ ਕਿਸੇ ਹੋਰ ਲਈ ਇਕ ਵਾਰੀ ਜਾਂ ਬਾਕਾਇਦਾ ਭਲਾਈ ਦੀ ਜਾਂਚ ਦਾ ਪ੍ਰਬੰਧ ਕਰਨਾ ਚਾਹੁੰਦੇ ਹਨ।

ਆਸਟ੍ਰੇਲੀਆ ਦੇ ਬਜ਼ੁਰਗ, ਉਹਨਾਂ ਦੇ ਰਿਸ਼ਤੇਦਾਰ, ਸੰਭਾਲ ਕਰਨ ਵਾਲੇ, ਦੋਸਤ ਜਾਂ ਸਮਰਥਕ ਕਰ ਸਕਦੇ ਹਨ:

- ਫੋਨ **1800 171 866**
- 8:30 ਸਵੇਰ – 6:00 ਸ਼ਾਮ AEST ਹਫਤੇ ਦੇ ਦਿਨਾਂ ਨੂੰ
- ਕਿਸੇ ਵੀ ਜਾਣਕਾਰੀ ਜਾਂ ਸੇਵਾਵਾਂ ਲਈ ਜਿੰਨ੍ਹਾਂ ਦੀ ਉਹਨਾਂ ਨੂੰ ਲੋੜ ਹੋ ਸਕਦੀ ਹੈ।

ਬਜ਼ੁਰਗਾਂ ਦੀ COVID-19 ਸਹਾਇਤਾ ਲਾਈਨ ਇਹਨਾਂ ਦਾ ਸਾਂਝਾ ਉਪਰਾਲਾ ਹੈ:

- COTA ਆਸਟ੍ਰੇਲੀਆ,
- ਡਿਮੈਂਸ਼ੀਆ ਆਸਟ੍ਰੇਲੀਆ,
- ਨੈਸ਼ਨਲ ਸੀਨੀਅਰਜ਼ ਅਤੇ
- OPAN,
- ਆਸਟ੍ਰੇਲੀਆ ਸਰਕਾਰ ਦੁਆਰਾ ਦਿੱਤੇ ਫੰਡਾਂ ਦੇ ਸਹਿਯੋਗ ਨਾਲ।

## ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਸਹਾਇਤਾ

ਆਸਟ੍ਰੇਲੀਆ ਦੇ ਬਜ਼ੁਰਗ ਜੋ ਅੰਗਰੇਜ਼ੀ ਨਹੀਂ ਬੋਲਦੇ ਉਹ ਕਰ ਸਕਦੇ ਹਨ:

- TIS National ਨੂੰ 131 450 ਉੱਤੇ ਫੋਨ,
- ਦੁਭਾਸ਼ੀਏ ਲਈ ਬੇਨਤੀ, ਅਤੇ
- ਬਜ਼ੁਰਗਾਂ ਦੀ COVID-19 ਸਹਾਇਤਾ ਲਾਈਨ ਨਾਲ ਜੋੜਨ ਲਈ ਕਹਿ ਸਕਦੇ ਹਨ ਜਾਂ ਗੱਲ ਕਰਨ ਲਈ 1800 171 866 ਫੋਨ ਨੰਬਰ ਦੱਸ ਸਕਦੇ ਹਨ।